# Fact Sheet

## ਤਪਦਿੱਕ - ਟੀ.ਬੀ.

### ਟੀ.ਬੀ. ਕੀ ਹੈ?
ਟੀ.ਬੀ. ਇੱਕ ਛੂਤ ਬਿਮਾਰੀ ਹੈ ਜੋ ਟੀ. ਬੀ. ਦੇ ਕਿਟਾਣੂਆਂ ਨਾਲ ਹੁੰਦੀ ਹੈ। ਟੀ.ਬੀ. ਅਕਸਰ ਫੇਫੜਿਆਂ ਉੱਤੇ ਹਮਲਾ ਕਰਦਾ ਹੈ, ਪਰ ਸ਼ਰੀਰ ਦੇ ਕਿਸੇ ਵੀ ਭਾਗ ਨੂੰ ਪ੍ਰਭਾਵਤ ਕਰ ਸਕਦਾ ਹੈ। ਟੀ.ਬੀ ਸਦੀਆਂ ਤੋਂ ਚੱਲਿਆ ਰਿਹਾ ਹੈ।

### ਉਹ ਕਿਵੇਂ ਫੈਲਦਾ ਹੈ?
ਟੀ.ਬੀ. ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਹਵਾ ਦੇ ਜ਼ਰੀਏ ਫੈਲਦਾ ਹੈ। ਟੀ.ਬੀ ਉਸ ਸਮੇਂ ਫੈਲਦਾ ਹੈ ਜਦੋਂ ਕਿਸੇ ਨੂੰ ਫੇਫੜਿਆਂ, ਖਾਂਸੀ ਜਾਂ ਛਿੱਕ ਵਿੱਚ ਟੀ.ਬੀ. ਦੀ ਬਿਮਾਰੀ ਹੁੰਦੀ ਹੈ। ਇਹ ਬਹੁਤ ਜ਼ਿਆਦਾ ਛੂਤੀ ਨਹੀਂ ਹੈ। ਇਸ ਬਿਮਾਰੀ ਨੂੰ ਫੈਲਣ ਲਈ ਟੀ.ਬੀ ਦੇ ਮਰੀਜ਼ ਦੇ ਨਾਲ ਨਜ਼ਦੀਕੀ, ਲੰਮੇਰਾ ਜਾਂ ਨਿਯਮਤ ਸੰਪਰਕ ਜ਼ਰੂਰੀ ਹੁੰਦਾ ਹੈ।

### ਟੀ.ਬੀ. ਇੰਨਫੈੱਕਸ਼ਣ ਕੀ ਹੈ?
ਜ਼ਿਆਦਾਤਰ ਲੋਕ, ਜੋ ਸਾਹ ਦੇ ਨਾਲ ਟੀ.ਬੀ. ਦੇ ਕਿਟਾਣੂ ਅੰਦਰ ਲੈਂਦੇ ਹਨ, ਉਹਨਾਂ ਨੂੰ ਵੱਧਣ ਤੋਂ ਰੋਕ ਸਕਦੇ ਹਨ। ਇਮਿਊਨ ਸਿਸਟਮ, ਟੀ.ਬੀ. ਦੇ ਕਿਟਾਣੂਆਂ ਨੂੰ ਫਸਾ ਲੈਂਦੇ ਹਨ ਅਤੇ ਉਹਨਾਂ ਨੂੰ ਅਚੰਚਲ ਬਣਾਈ ਰੱਖਦੇ ਹਨ। ਇਸਨੂੰ ਟੀ.ਬੀ. ਦਾ ਇੰਨਫੈਕਸ਼ਣ ਕਹਿੰਦੇ ਹਨ ਅਤੇ ਇਹ ਲੋਕ:
- ਬਿਮਾਰੀ ਮਹਿਸੂਸ ਨਹੀਂ ਕਰਦੇ/ਕੋਈ ਲੱਛਣ ਨਹੀਂ ਹੁੰਦੇ
- ਟੀ.ਬੀ. ਦੇ ਕਿਟਾਣੂ ਫੈਲਾ ਨਹੀਂ ਸਕਦੇ
- ਸਕਿੰਨ ਟੈਸਟ ਸਕਾਰਾਤਮਕ ਹੁੰਦਾ ਹੀ। (ਨੋਟ: ਅਜਿਹੇ ਲੋਕ ਜਿੰਨਾਂ ਨੂੰ ਅਜਿਹੀਆਂ ਬਿਮਾਰੀਆਂ ਹੁੰਦੀ ਹੈ ਜੋ ਇਮਿਊਨ ਸਿਸਟਮ ਨੂੰ ਕਮਜ਼ੋਰ ਬਣਾ ਦਿੰਦੀ ਹੈ, ਜਿਵੇਂਕਿ ਡਾਇਬੀਟੀਜ਼, ਐਂਚ.ਆਈ.ਵੀ. ਜਾਂ ਕੈਂਸਰ, ਉਨ੍ਹਾਂ ਨੂੰ ਟੀ.ਬੀ. ਦਾ ਇੰਨਫੈਕਸ਼ਣ ਹੋਣ ਤੇ ਵੀ ਉਨ੍ਹਾਂ ਦਾ ਸਕਿੰਨ ਟੈਸਟ ਨਕਾਰਾਤਮਕ ਹੋ ਸਕਦਾ ਹੀ – ਇਸ ਵਰਗ ਦੇ ਲੋਕਾਂ ਨੂੰ ਆਪਣੇ ਡਾਕਟਰ ਨਾਲ ਗੱਲ ਕਰਨੀ ਚਾਹੀਂਦੀ ਹੈ)
- ਜੀਵਨ ਵਿੱਚ ਅੱਗੇ ਚੱਲਕੇ ਟੀ.ਬੀ. ਦੀ ਬਿਮਾਰੀ ਕ੍ਰਿਆਸ਼ੀਲ ਹੋ ਸਕਦੀ ਹੈ

### ਟੀ.ਬੀ. ਬਿਮਾਰੀ ਕੀ ਹੈ?
ਟੀ.ਬੀ. ਕਿਟਾਣੂ, ਉਸ ਸਮੇਂ ਕ੍ਰਿਆਸ਼ੀਲ ਹੋ ਜਾਂਦੇ ਹਨ ਜਦੋਂ ਸ਼ਰੀਰ ਦੀ ਇਮਿਊਨ ਸਿਸਟਮ ਕਿਟਾਣੂਆਂ ਨੂੰ ਵੱਧਣ ਤੋਂ ਰੋਕ ਨਹੀਂ ਪਾਉਂਦੀ ਹੈ। ਕ੍ਰਿਆਸ਼ੀਲ ਟੀ.ਬੀ. ਦੇ ਕਿਟਾਣੂ ਵੱਧਣਾ ਸ਼ੁਰੂ ਕਰਦੇ ਹਨ ਅਤੇ ਸ਼ਰੀਰ ਨੂੰ ਨੁਕਸਾਨ ਪਹੁੰਚਾਉਂਦੇ ਹਨ। ਟੀ.ਬੀ. ਬਿਮਾਰੀ ਦੇ ਲੱਛਣ ਹਨ:
- ਖੰਘ (3 ਹਫਤਿਆਂ ਤੋਂ ਜ਼ਿਆਦਾ ਚੱਲਣ ਵਾਲੀ)
- ਬੁਖਾਰ/ ਕੰਬਣੀ /ਰਾਤ ਨੂੰ ਪਸੀਨਾ ਆਉਣਾ
- ਥਕਾਣ ਮਹਿਸੂਸ ਕਰਨਾ
- ਬਿਨਾ ਕਾਰਣ ਵਜਨ ਘੱਟਣਾ

ਜੇ ਟੀ.ਬੀ. ਦੀ ਬਿਮਾਰੀ ਸ਼ਰੀਰ ਦੇ ਕਿਸੇ ਹੋਰ ਹਿੱਸੇ ਵਿੱਚ ਹੈ ਤਾਂ ਉਸ ਦੇ ਲੱਛਣ ਇਸ ਤੇ ਨਿਰਭਰ ਹੋਣਗੇ ਕਿ ਟੀ. ਬੀ. ਕਿੱਥੇ ਵਧ ਰਿਹਾ ਹੈ, ਉਦਾਹਰਣ ਦੇ ਲਈ ਲਿੰਫ ਗੰਢਾਂ ਵਿੱਚ ਸੋਜ ਜਾਂ ਜੋੜਾਂ ਵਿੱਚ ਦਰਦ।

### ਟੀ. ਬੀ ਦੇ ਟੈਸਟ ਕੀ ਹਨ?
ਟੀ. ਬੀ. ਦੀ ਪਰਖ, ਸਕਿੰਨ ਟੈਸਟ ਦੇ ਨਾਲ ਕੀਤੀ ਜਾਂਦੀ ਹੈ। ਸਕਾਰਾਤਮਕ ਸਕਿੰਨ ਟੈਸਟ ਦਾ ਅਰਥ ਹੈ, ਵਿਅਕਤੀ ਦੇ ਸ਼ਰੀਰ ਵਿੱਚ ਟੀ.ਬੀ. ਦੇ ਕਿਟਾਣੂ ਹਨ। ਟੀ.ਬੀ. ਬਿਮਾਰੀ ਦੀ ਪਰਖ ਦੇ ਲਈ ਸ਼ਰੀਰਕ ਜਾਂਚ, ਛਾਤੀ ਦਾ ਐਕਸ-ਰੇ ਅਤੇ ਥੁੱਕ (ਫੇਫੜਿਆਂ ਵਿੱਚੋਂ ਖੰਘ ਨਾਲ ਬਾਹਰ ਨਿੱਕਲਿਆ ਮਿਊਕਸ) ਦੀ ਜਾਂਚ ਕੀਤੀ ਜਾਂਦੀ ਹੈ।

### ਟੀ.ਬੀ. ਦਾ ਇਲਾਜ ਕਿਵੇਂ ਹੁੰਦਾ ਹੈ?
ਟੀ.ਬੀ. ਇੰਨਫੈਕਸ਼ਣ ਵਾਲੇ ਲੋਕਾਂ ਵਿੱਚ ਟੀ.ਬੀ. ਬਿਮਾਰੀ ਨੂੰ ਰੋਕਣ ਦੇ ਲਈ ਦਵਾਈ ਨਾਲ ਫਾਇਦਾ ਹੋ ਸਕਦਾ ਹੈ। ਟੀ.ਬੀ. ਬਿਮਾਰੀ ਵਾਲੇ ਲੋਕਾਂ ਦੇ ਲਈ ਬਿਮਾਰੀ ਨੂੰ ਦੂਰ ਕਰਨ ਦੇ ਲਈ ਇਲਾਜ ਪੂਰਾ ਕਰਨਾ ਜ਼ਰੂਰੀ ਹੈ। ਟੀ.ਬੀ. ਦੀਆਂ ਦਵਾਈਆਂ ਮੁਫਤ ਮਿਲਦੀਆਂ ਹਨ ਜਦੋਂ ਡਾਕਟਰ ਉਹਨਾਂ ਨੂੰ ਪਬਲਿਕ ਹੈਲਥ ਤੋਂ ਮੰਗਵਾਉਂਦਾ ਹੈ। **ਟੀ. ਬੀ ਰੋਕਿਆ ਜਾ ਸਕਦਾ ਹੈ, ਉਸਦਾ ਇਲਾਜ ਹੋ ਸਕਦਾ ਹੈ ਅਤੇ ਰੋਗ ਮੁਕਤ ਹੋਇਆ ਜਾ ਸਕਦਾ ਹੈ!**

Punjabi ਮਈ 2008